# ਤੁਹਾਡੀ ਪਰੀਖਿਆ 2019

### ਤੁਹਾਨੂੰ ਕੀ ਜਾਣਨ ਦੀ ਲੋੜ ਹੈ

ਤੁਹਾਨੂੰ ਆਪਣੀ ਪਰੀਖਿਆ ਬਾਰੇ ਜੋ ਜਾਣਨ ਦੀ ਲੋੜ ਹੈ ਇਹ ਦਸਤਾਵੇਜ਼ ਤੁਹਾਨੂੰ ਉਸ ਬਾਰੇ ਦੱਸਦਾ ਹੈ। ਇਸ ਵਿੱਚ ਜ਼ਰੂਰੀ ਜਾਣਕਾਰੀ ਸ਼ਾਮਲ ਹੈ ਜੋ ਕਿ ਤੁਹਾਨੂੰ ਆਪਣੀ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਲਾਜ਼ਮੀ ਤੌਰ 'ਤੇ ਪੜ੍ਹਨੀ ਚਾਹੀਦੀ ਹੈ, ਭਾਵੇਂ ਤੁਸੀਂ ਪਰੀਖਿਆਵਾਂ ਵਿੱਚ ਪਹਿਲਾਂ ਵੀ ਬੈਠ ਚੁੱਕੇ ਹੁੰਦੇ ਹੋ। ਇਹ ਮਹੱਤਵਪੂਰਣ ਹੈ ਕਿ ਤੁਸੀਂ ਇਸ ਗਾਈਡ ਵਿੱਚ ਦਿੱਤੇ ਨਿਯਮਾਂ ਦੀ ਪਾਲਣਾ ਕਰੋ ਤਾਂ ਕਿ ਹਰ ਕਿਸੇ ਕੋਲ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਦਾ ਇੱਕ ਉਚਿਤ ਅਤੇ ਬਰਾਬਰ ਮੌਕਾ ਹੋਵੇ।

ਜੇ ਇਸ ਦਸਤਾਵੇਜ਼ ਵਿੱਚ ਕਿਸੇ ਵੀ ਗੱਲ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ ਆਪਣੇ ਅਧਿਆਪਕ ਜਾਂ ਲੈਕਚਰਾਰ ਨਾਲ ਗੱਲ ਕਰੋ। ਆਪਣੇ ਮਾਤਾ-ਪਿਤਾ ਜਾਂ ਦੇਖਭਾਲਕਰਤਾ ਨਾਲ ਇਸ ਜਾਣਕਾਰੀ ਨੂੰ ਸਾਂਝਾ ਕਰਨਾ ਅਤੇ ਇਸ ਬਾਰੇ ਵਿਚਾਰ-ਚਰਚਾ ਕਰਨਾ ਵੀ ਤੁਹਾਡੇ ਲਈ ਉਪਯੋਗੀ ਹੋ ਸਕਦਾ ਹੈ।

ਤੁਹਾਨੂੰ **www.sqa.org.uk/learners** 'ਤੇ ਵੀ ਹੋਰ ਉਪਯੋਗੀ ਜਾਣਕਾਰੀ ਪ੍ਰਾਪਤ ਹੋਵੇਗੀ।

ਤਿਆਰੀ ਕਰਨੀ ਯਾਦ ਰੱਖੋ, ਸ਼ਾਂਤ ਰਹੋ ਅਤੇ ਆਪਣੇ ਵੱਲੋਂ ਬਿਹਤਰੀਨ ਕਰੋ।

**ਮੁਲਾਂਕਣ ਇੰਤਜਾਮ**

ਜੇਕਰ ਕੋਈ ਅਯੋਗਤਾ ਹੋਵੇ ਜਾਂ ਵਾਧੂ ਸਹਾਇਤਾ ਦੀ ਜ਼ਰੂਰਤ ਹੋਵੇ, ਤਾਂ ਤੁਹਾਨੂੰ ਇਕ 'ਮੁਲਾਂਕਣ ਇੰਤਜਾਮ' ਦੀ ਲੋੜ ਪੈ ਸਕਦੀ ਹੈ। ਤੁਹਾਨੂੰ ਇਸ ਦੀ ਚਰਚਾ ਆਪਣੇ ਸਕੂਲ ਜਾਂ ਕਾਲਜ ਨਾਲ ਕਰਨੀ ਚਾਹੀਦੀ ਹੈ।

# ਆਪਣੀ ਪਰੀਖਿਆ ਦੀ ਤਿਆਰੀ ਕਰਨੀ

## ਸਮਾਂ ਸਾਰਨੀ

ਤੁਸੀਂ **www.sqa.org.uk/timetable** ਤੇ ਪਰੀਖਿਆ ਦੀ ਸਮਾਂ ਸਾਰਨੀ ਦੇਖ ਸਕਦੇ ਹੋ।

ਆਪਣੀਆਂ ਪਰੀਖਿਆਵਾਂ ਦੇ ਸਮਿਆਂ ਦੀ ਆਪਣੇ ਅਧਿਆਪਕਾਂ ਅਤੇ ਲੈਕਚਰਾਰਾਂ ਨਾਲ ਹਮੇਸ਼ਾਂ ਦੂਹਰੀ-ਜਾਂਚ ਕਰਨੀ ਚਾਹੀਦੀ ਹੈ, ਕਿਉਂਕਿ ਸਕੂਲ ਅਤੇ ਕਾਲਜ ਸ਼ੁਰੂ ਹੋਣ ਦੇ ਸਮੇਂ ਨੂੰ ਥੋੜ੍ਹਾ ਬਦਲ ਸਕਦੇ ਹਨ।

ਯਕੀਨੀ ਬਣਾਓ ਕਿ ਤੁਹਾਨੂੰ ਪਤਾ ਹੁੰਦਾ ਹੈ ਕਿ ਤੁਸੀਂ ਕਿਹੜੀਆਂ ਪਰੀਖਿਆਵਾਂ ਵਿੱਚ ਬੈਠ ਰਹੇ ਹੋ, ਇਹ ਕਦੋਂ ਹਨ, ਅਤੇ ਇਹ ਕਿੱਥੇ ਹੋਣੀਆਂ ਹਨ।

## SQA ਐਪਾਂ

ਪਰੀਖਿਆ ਦੇ ਸਮੇਂ ਤੁਹਾਨੂੰ ਸਹਾਇਤਾ ਦੇਣ ਲਈ ਮੁਫ਼ਤ ਐਪਾਂ ਉਪਲਬਧ ਹਨ।

**MyExams** ਐਪ ਤੁਹਾਨੂੰ ਆਪਣੀ ਨਿੱਜੀ ਸਮਾਂ ਸਾਰਨੀ ਨੂੰ ਬਨਾਉਣ ਅਤੇ ਦੇਖਣ ਦੀ, ਟਿੱਪਣੀਆਂ ਨੂੰ ਸ਼ਾਮਲ ਕਰਨ, ਅਤੇ ਆਪਣੀ ਨਿੱਜੀ ਸਮਾਂ ਸਾਰਨੀ ਨੂੰ ਹੋਰ ਕੈਲੰਡਰਾਂ ਵਿੱਚ ਸ਼ਾਮਲ ਕਰਨ ਦੀ ਖੁੱਲ੍ਹ ਦਿੰਦੀ ਹੈ।

**MyStudyPlan** ਐਪ ਪੜ੍ਹਾਈ ਦੀ ਇਕ ਨਿੱਜੀ ਯੋਜਨਾ ਬਣਾ ਕੇ ਤੁਹਾਡੀ ਦੁਹਰਾਈ (ਰਿਵੀਜ਼ਨ) ਦਾ ਇੰਤਜਾਮ ਕਰਨ ਵਿੱਚ ਮਦਦ ਕਰਦੀ ਹੈ।

ਤੁਸੀਂ ਔਨਲਾਈਨ ਟਾਇਮ-ਟੇਬਲ ਬਿਲਡਰ ਦੀ ਵਰਤੋਂ ਕਰਦੇ ਹੋਏ ਵੀ, ਆਪਣੀ ਖੁਦ ਦੀ ਨਿੱਜੀ ਪਰੀਖਿਆ ਸਮਾਂ ਸਾਰਣੀ ਬਣਾ ਸਕਦੇ ਹੋ।

ਵਧੇਰੇ ਜਾਣਕਾਰੀ ਲਈ **www.sqa.org.uk/studyplan** ਵੇਖੋ।

## ਪਿਛਲੇ ਪੇਪਰ

ਪਿਛਲੇ ਪਰੀਖਿਆ ਪੱਤਰਾਂ ਨਾਲ ਅਭਿਆਸ ਕਰਕੇ ਤੁਸੀਂ ਆਪਣੀਆਂ ਪਰੀਖਿਆਵਾਂ ਲਈ ਤਿਆਰੀ ਕਰ ਸਕਦੇ ਹੋ।

ਤੁਸੀਂ ਇਹਨਾਂ ਨੂੰ **www.sqa.org.uk/pastpaperinfo** ਤੋਂ, ਅੰਕਣ ਨਿਰਦੇਸ਼ਾਂ ਸਮੇਤ ਡਾਊਨਲੋਡ ਕਰ ਸਕਦੇ ਹੋ।

## ਤੁਹਾਡਾ Scottish Candidate Number

ਤੁਹਾਡਾ Scottish Candidate Number (SCN) ਤੁਹਾਡਾ ਨਿੱਜੀ ਪਛਾਣ ਨੰਬਰ ਹੈ। ਸਾਡੀਆਂ ਪ੍ਰਣਾਲੀਆਂ ਤੁਹਾਡੀਆਂ ਸਾਰੀਆਂ ਪ੍ਰਾਪਤੀਆਂ ਨੂੰ ਰਿਕਾਰਡ ਕਰਨ ਅਤੇ ਖੋਜਣ ਲਈ ਤੁਹਾਡੇ SCN ਦੀ ਵਰਤੋਂ ਕਰਦੀਆਂ ਹਨ।

ਤੁਹਾਡਾ ਸਕੂਲ ਜਾਂ ਕਾਲਜ ਤੁਹਾਨੂੰ ਇਹ ਦੱਸ ਸਕੇਗਾ ਕਿ ਤੁਹਾਡਾ SCN ਕੀ ਹੈ। ਯਕੀਨੀ ਬਣਾਓ ਤੁਹਾਨੂੰ ਇਹ ਆਪਣੀਆਂ ਪਰੀਖਿਆਵਾਂ ਤੋਂ ਪਹਿਲਾਂ ਪਤਾ ਹੋਵੇ। ਤੁਹਾਨੂੰ ਇਸ ਨੂੰ ਆਪਣੀ ਪਰੀਖਿਆ ਉੱਤਰ ਪੁਸਤਿਕਾਵਾਂ ਤੇ ਸਾਫ-ਸਾਫ ਲਿਖਣਾ ਹੋਵੇਗਾ।

ਤੁਹਾਨੂੰ ਆਪਣੀ ਪਰੀਖਿਆ ਪੁਸਤਿਕਾ ਦੇ ਪਿਛਲੇ ਪਾਸੇ ਕਾਰਡ ਤੇ ਆਪਣੇ SCN ਸਮੇਤ, ਆਪਣੇ ਵੇਰਵੇ ਭਰਨੇ ਚਾਹੀਦੇ ਹਨ। ਤੁਹਾਨੂੰ ਇਸ ਕਾਰਡ ਨੂੰ ਪਰੀਖਿਆ ਕਮਰੇ ਵਿੱਚ ਲੈ ਕੇ ਜਾਣ ਦੀ ਇਜਾਜ਼ਤ ਹੈ, ਪਰ ਤੁਹਾਨੂੰ ਇਸ ਉੱਤੇ ਲਾਜ਼ਮੀ ਤੌਰ ’ਤੇ ਕੁਝ ਹੋਰ ਨਹੀਂ ਲਿਖਣਾ ਚਾਹੀਦਾ।

ਜੇ ਤੁਸੀਂ ਕਾਰਡ ਤੇ ਕੁਝ ਹੋਰ ਲਿਖਦੇ ਹੋ, ਤਾਂ ਤੁਹਾਡੇ ਪਰੀਖਿਆ ਦਾਖਲੇ ਨੂੰ ਰੱਦ ਕੀਤਾ ਜਾ ਸਕਦਾ ਹੈ।

## ਯਕੀਨੀ ਬਣਾਓ ਕਿ ਤੁਹਾਡੇ ਵੇਰਵੇ ਸਹੀ ਹੋਣ

ਇਹ ਯਕੀਨੀ ਬਨਾਉਣ ਲਈ ਕਿ ਤੁਸੀਂ ਨਤੀਜੇ ਵਾਲੇ ਦਿਨ ਆਪਣਾ ਪ੍ਰਮਾਣ-ਪੱਤਰ ਪ੍ਰਾਪਤ ਕਰਦੇ ਹੋ, ਜਾਂਚ ਕਰੋ ਕਿ ਤੁਹਾਡੇ ਸਕੂਲ ਜਾਂ ਕਾਲਜ ਕੋਲ ਤੁਹਾਡੇ ਸਹੀ ਵੇਰਵੇ ਹੋਣ, ਜਿਸ ਵਿੱਚ ਤੁਹਾਡਾ ਸਹੀ ਨਾਮ ਅਤੇ ਪਤਾ ਸ਼ਾਮਲ ਹੈ।

ਆਪਣੇ MySQA ਅਕਾਊਂਟ ਵਿੱਚ ਲੌਗ ਇਨ ਕਰਕੇ ਤੁਸੀਂ ਆਪਣੇ ਨਿੱਜੀ ਵੇਰਵਿਆਂ ਦੀ ਜਾਂਚ ਕਰ ਸਕਦੇ ਹੋ। ਜੇਕਰ ਤੁਹਾਡਾ ਪਹਿਲਾਂ ਤੋਂ ਅਕਾਊਂਟ ਨਹੀਂ ਹੈ ਤਾਂ ਤੁਸੀਂ **www.mysqa.org.uk** ‘ਤੇ ਇਸ ਲਈ ਸਾਈਨ ਅੱਪ ਕਰ ਸਕਦੇ ਹੋ।

ਜੇਕਰ ਤੁਹਾਡੇ ਕੋਈ ਵੀ ਨਿੱਜੀ ਵੇਰਵੇ ਬਦਲਦੇ ਹਨ, ਜਾਂ ਗਰਮੀਆਂ ਦੌਰਾਨ ਬਦਲੇ ਜਾਣਗੇ, ਤਾਂ ਤੁਹਾਨੂੰ ਗਰਮੀਆਂ ਦੀਆਂ ਛੁੱਟੀਆਂ ਖਤਮ ਹੋਣ ਤੋਂ ਪਹਿਲਾਂ ਆਪਣੇ ਸਕੂਲ ਜਾਂ ਕਾਲਜ ਨੂੰ ਲਾਜ਼ਮੀ ਤੌਰ ’ਤੇ ਦੱਸਣਾ ਚਾਹੀਦਾ ਹੈ।

## ਤੁਹਾਡੀ ਜਾਣਕਾਰੀ

ਅਸੀਂ ਤੁਹਾਡੇ ਸਕੂਲ ਜਾਂ ਕਾਲਜ ਅਤੇ ਤੁਹਾਡੀ ਸਥਾਨਕ ਅਥਾੱਰਟੀ ਤੋਂ ਤੁਹਾਡੇ ਬਾਰੇ ਜਾਣਕਾਰੀ ਇਕੱਤਰ ਕਰਦੇ ਹਾਂ। ਅਸੀਂ ਤੁਹਾਡੇ ਪਰੀਖਿਆ ਪੱਤਰਾਂ ਅਤੇ ਹੋਰ ਮੁਲਾਂਕਣ ਸਮੱਗਰੀ ਤੋਂ ਵੀ ਜਾਣਕਾਰੀ ਇਕੱਤਰ ਕਰਦੇ ਹਾਂ।

ਇਹ ਸਾਰੀ ਜਾਣਕਾਰੀ ਤੁਹਾਡੀਆਂ ਯੋਗਤਾਵਾਂ ਨਾਲ ਸਬੰਧਤ ਹੁੰਦੀ ਹੈ ਅਤੇ ਅਸੀਂ ਇਸਨੂੰ ਇਨ੍ਹਾਂ ਲਈ ਵਰਤਦੇ ਹਾਂ:

- ਤੁਹਾਡੇ ਲਈ SQA ਪਰੀਖਿਆ ਦੇਣ ਅਤੇ ਮੁਲਾਂਕਣ ਕਰਨ ਦੇ ਪ੍ਰਬੰਧ ਕਰਨ ਲਈ
- ਤੁਹਾਡਾ ਸਕੌਟਿਸ਼ ਯੋਗਤਾ ਪ੍ਰਮਾਣ-ਪੱਤਰ ਜਾਰੀ ਕਰਨ ਲਈ
- ਤੁਹਾਡੇ ਵੱਲੋਂ ਆਖੀਆਂ ਗਈਆਂ ਸੇਵਾਵਾਂ ਨੂੰ ਪ੍ਰਦਾਨ ਕਰਨ ਲਈ, ਜਿਵੇਂ ਕਿ MySQA
- ਤੁਹਾਡੇ ਸਵਾਲਾਂ ਦੇ ਜਵਾਬ ਦੇਣ ਲਈ
- ਸੰਭਾਵੀ ਗ਼ਲਤ-ਵਿਹਾਰ ਦੀ ਜਾਂਚ ਕਰਨ ਲਈ

ਅਸੀਂ ਇਸ ਦੀ ਵਰਤੋਂ ਖੋਜ ਦੇ ਉਦੇਸ਼ਾਂ ਅਤੇ ਅੰਕੜੇ ਤਿਆਰ ਕਰਨ ਲਈ ਵੀ ਕਰਦੇ ਹਾਂ।

ਅਸੀਂ ਤੁਹਾਡੀ ਕੁਝ ਜਾਣਕਾਰੀ ਹੋਰ ਸੰਸਥਾਵਾਂ ਦੇ ਨਾਲ ਸਾਂਝਾ ਕਰ ਸਕਦੇ ਹਾਂ ਜਿਵੇਂ ਕਿ ਸਕੌਟਿਸ਼ ਸਰਕਾਰ, UCAS, ਤੁਹਾਡਾ ਸਕੂਲ ਜਾਂ ਕਾਲਜ ਅਤੇ ਹੋਰ ਸੰਸਥਾਵਾਂ ਜੋ ਸਾਡੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਅਸੀਂ ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ, ਤੁਸੀਂ ਇਸ ਬਾਰੇ ਹੋਰ ਜਾਣਕਾਰੀ **www.sqa.org.uk/privacystatement** ਤੇ ਪ੍ਰਾਪਤ ਕਰ ਸਕਦੇ ਹੋ।

ਸਾਡੇ ਕੋਲ ਤੁਹਾਡੇ ਬਾਰੇ ਜੋ ਜਾਣਕਾਰੀ ਹੈ, ਤੁਸੀਂ ਉਸਦੀ ਇੱਕ ਕਾਪੀ ਲਈ ਆਖ ਸਕਦੇ ਹੋ। **www.sqa.org.uk/requestpersonalinformation** ’ਤੇ ਤੁਸੀਂ ਇਹ ਪਤਾ ਲਗਾ ਸਕਦੇ ਹੋ ਕਿ ਤੁਸੀਂ ਅਜਿਹਾ ਕਿੰਝ ਕਰ ਸਕਦੇ ਹੋ।

## ਪਰੀਖਿਆ ਵਾਲੇ ਦਿਨ

### ਆਪਣੀ ਪਰੀਖਿਆ ਲਈ ਪਹੁੰਚਣਾ

ਤੁਹਾਨੂੰ ਪਰੀਖਿਆ ਦੇ ਸ਼ੁਰੂ ਹੋਣ ਤੋਂ 10 ਮਿੰਟ ਪਹਿਲਾਂ ਪਰੀਖਿਆ ਕਮਰੇ ਦੇ ਬਾਹਰ ਹੋਣਾ ਚਾਹੀਦਾ ਹੈ। ਜੇਕਰ ਤੁਸੀਂ ਦੇਰੀ ਨਾਲ ਆਉਂਦੇ ਹੋ, ਤਾਂ ਤੁਹਾਨੂੰ SQA ਪਰੀਖਿਆਵਾਂ ਦੀ ਜ਼ੁੰਮੇਵਾਰੀ ਲੈ ਰਹੇ ਅਧਿਆਪਕ ਜਾਂ ਲੈਕਚਰਾਰ ਨੂੰ ਲਾਜ਼ਮੀ ਤੌਰ 'ਤੇ ਸੂਚਿਤ ਕਰਨਾ ਚਾਹੀਦਾ ਹੈ। ਉਹ ਤੁਹਾਨੂੰ ਦੱਸਣਗੇ ਕਿ ਕੀ ਤੁਸੀਂ ਪਰੀਖਿਆ ਵਿੱਚ ਬੈਠ ਸਕਦੇ ਹੋ।

### ਜੇ ਕੁਝ ਅਕਲਪਿਤ ਵਾਪਰਦਾ ਹੈ, ਅਤੇ ਉਸ ਦਿਨ ਮੇਰੀ ਕਾਰਗੁਜ਼ਾਰੀ ਪ੍ਰਭਾਵਿਤ ਹੁੰਦੀ ਹੈ, ਜਾਂ ਮੈਂ ਪਰੀਖਿਆ ਵਿੱਚ ਹੀ ਨਹੀਂ ਬੈਠ ਸਕਦਾ/ਸਕਦੀ ਤਾਂ ਕੀ ਕਰਨਾ ਚਾਹੀਦਾ ਹੈ?

ਜਿੰਨੀ ਜਲਦੀ ਹੋ ਸਕੇ, ਤੁਹਾਨੂੰ ਜਾਂ ਤੁਹਾਡੇ ਮਾਤਾ-ਪਿਤਾ ਜਾਂ ਤੁਹਾਡੇ ਦੇਖਭਾਲਕਰਤਾ ਨੂੰ ਤੁਹਾਡੇ ਸਕੂਲ ਜਾਂ ਕਾਲਜ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਉਹ ਤੁਹਾਡੇ ਲਈ ਉਪਲਬਧ ਵਿਕਲਪਾਂ ਬਾਰੇ ਚਰਚਾ ਕਰ ਸਕਣਗੇ, ਅਤੇ ਇਸ ਬਾਰੇ ਕਿ ਕੀ ਤੁਸੀਂ 'ਅਪਵਾਦਕ ਹਾਲਾਤ' ਲਈ ਵਿਚਾਰ ਕੀਤੇ ਜਾਣ ਦੇ ਹੱਕਦਾਰ ਹੋਵੋਗੇ ਜਾਂ ਨਹੀਂ। ਅਜਿਹਾ ਹੋਣ ਲਈ, ਤੁਹਾਡੇ ਸਕੂਲ ਜਾਂ ਕਾਲਜ ਨੂੰ ਸਾਡੇ ਨਾਲ ਸੰਪਰਕ ਕਰਨਾ ਹੋਵੇਗਾ। ਉਹਨਾਂ ਨੂੰ ਲਾਜ਼ਮੀ ਤੌਰ 'ਤੇ ਪਰੀਖਿਆ ਤੋਂ 10 ਦਿਨਾਂ ਦੇ ਅੰਦਰ ਅਜਿਹਾ ਕਰਨਾ ਚਾਹੀਦਾ ਹੈ, ਇਸ ਲਈ ਇਹ ਬਹੁਤ ਮਹਤੱਵਪੂਰਨ ਹੈ ਕਿ ਤੁਸੀਂ ਜਿੰਨੀ ਜਲਦੀ ਹੋ ਸਕੇ ਓਨੀ ਜਲਦੀ ਉਨ੍ਹਾਂ ਨਾਲ ਗੱਲ ਕਰੋ।

### ਵਰਜਿਤ ਵਸਤਾਂ

ਵਰਜਿਤ ਵਸਤਾਂ ਉਹ ਵਸਤਾਂ ਹੁੰਦੀਆਂ ਹਨ ਜੋ ਪਰੀਖਿਆ ਕਮਰੇ ਵਿੱਚ ਤੁਹਾਡੇ ਕੋਲ ਡੈਸਕ ਤੇ ਨਹੀਂ ਹੋਣੀਆਂ ਚਾਹੀਦੀਆਂ, ਜਦੋਂ ਤੱਕ ਕਿ ਸਾਡੇ ਵੱਲੋਂ ਉਹਨਾਂ ਦੀ ਮੁਲਾਂਕਣ ਇੰਤਜਾਮ ਦੇ ਹਿੱਸੇ ਵਜੋਂ ਮਨਜ਼ੂਰੀ ਨਾ ਦਿੱਤੀ ਗਈ ਹੋਵੇ।

ਵਰਜਿਤ ਵਸਤਾਂ ਵਿੱਚ ਹੇਠ ਲਿਖੀਆਂ ਵਸਤਾਂ ਸ਼ਾਮਲ ਹਨ:

- ਮੋਬਾਇਲ ਫੋਨ
- ਇਲੈਕਟ੍ਰੌਨਿਕ ਉਪਕਰਣ ਜਿਵੇਂ ਕਿ, ਆਈਪੋਡ, ਟੈਬਲੇਟ, ਸਮਾਰਟਵਾਚ ਜਾਂ ਕੋਈ ਹੋਰ ਯੰਤਰ ਜੋ ਕਿ ਇੰਟਰਨੈੱਟ ਨਾਲ ਜੁੜ ਸਕਦਾ ਹੋਵੇ ਜਾਂ ਜਾਣਕਾਰੀ ਸਟੋਰ ਕਰਦਾ ਹੋਵੇ
- ਕਿਤਾਬਾਂ, ਨੋਟ੍ਸ, ਸਕੈੱਚ ਜਾਂ ਕਾਗਜ਼ ਸਮੇਤ ਤੁਹਾਡੇ ਕੱਪੜਿਆਂ ਜਾਂ ਸਰੀਰ ਤੇ ਕੋਈ ਵੀ ਲਿਖਾਵਟ ਸ਼ਾਮਲ ਹੈ
- ਪੈਂਸਿਲ ਕੇਸ/ਕੈਲਕੁਲੇਟਰ ਕੇਸ
- ਕੈਲਕੁਲੇਟਰ - ਨਿਰਧਾਰਿਤ ਪਰੀਖਿਆਵਾਂ ਤੋਂ ਇਲਾਵਾ
- ਸ਼ਬਦਕੋਸ਼ - ਨਿਰਧਾਰਿਤ ਪਰੀਖਿਆਵਾਂ ਤੋਂ ਇਲਾਵਾ

ਪਰੀਖਿਆ ਕਮਰੇ ਵਿਚ ਆਪਣੀ ਸੀਟ ਤੇ ਜਾਣ ਤੋਂ ਪਹਿਲਾਂ, ਆਪਣੇ ਬੈਗਾਂ ਅਤੇ ਜੇਬਾਂ ਦੀ ਧਿਆਨ ਨਾਲ ਜਾਂਚ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਕੋਲ ਇਹ ਵਸਤਾਂ ਨਹੀਂ ਹਨ। ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੀ ਸੀਟ ਤੇ ਕੋਈ ਵੀ ਵਰਜਿਤ ਵਸਤੂ ਨਹੀਂ ਲੈ ਕੇ ਜਾਣੀ ਚਾਹੀਦੀ। ਤੁਹਾਨੂੰ ਪਹਿਲਾਂ ਯੋਜਨਾ ਬਣਾਉਣੀ ਚਾਹੀਦੀ ਹੈ ਅਤੇ ਉਹਨਾਂ ਨੂੰ ਕਿਸੇ ਸੁਰੱਖਿਅਤ ਥਾਂ ਤੇ ਰੱਖ ਦੇਣਾ ਚਾਹੀਦਾ ਹੈ।

ਜਦੋਂ ਖ਼ਾਸ ਵਸਤਾਂ ਦੀ ਪਰੀਖਿਆ ਵਿੱਚ ਇਜਾਜ਼ਤ ਹੁੰਦੀ ਹੈ, ਤੁਹਾਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਲਾਜ਼ਮੀ ਤੌਰ 'ਤੇ SQA ਦੇ ਨਿਯਮਾਂ ਨੂੰ ਪੂਰਾ ਕਰਦੀਆਂ ਹਨ। ਤੁਹਾਡੇ ਅਧਿਆਪਕ ਜਾਂ ਲੈਕਚਰਾਰ ਤੁਹਾਨੂੰ ਹੋਰ ਜਾਣਕਾਰੀ ਦੇ ਸਕਣਗੇ। ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ ਵਸਤਾਂ ਤੁਹਾਨੂੰ ਵਰਜਿਤ ਜਾਣਕਾਰੀ ਤੱਕ ਪਹੁੰਚ ਨਹੀਂ ਦਿੰਦੀਆਂ ਹਨ। ਤੁਹਾਨੂੰ ਪਰੀਖਿਆ ਦੇ ਦੌਰਾਨ ਕੋਈ ਵੀ ਸਮਾਨ ਸਾਂਝਾ ਕਰਨ ਦੀ ਇਜਾਜ਼ਤ ਨਹੀਂ ਹੈ।

### ਡੈਸਕ

ਬਹੁਤੇ ਸਕੂਲਾਂ ਅਤੇ ਕਾਲਜਾਂ ਵਿੱਚ, ਤੁਹਾਨੂੰ ਹਰੇਕ ਪਰੀਖਿਆ ਲਈ ਇੱਕ ਡੈਸਕ ਜਾਂ ਸੀਟ ਨੰਬਰ ਦਿੱਤਾ ਜਾਵੇਗਾ। ਯਕੀਨੀ ਬਣਾਓ ਕਿ ਤੁਹਾਨੂੰ ਇਹ ਨੰਬਰ ਪਰੀਖਿਆ ਤੋਂ ਪਹਿਲਾਂ ਪਤਾ ਹੁੰਦਾ ਹੈ। ਤੁਹਾਨੂੰ ਆਪਣੀ ਨਿਰਧਾਰਿਤ ਸੀਟ ਤੇ ਕੋਈ ਵੀ ਵਰਜਿਤ ਵਸਤਾਂ ਨਹੀਂ ਲੈ ਕੇ ਜਾਣੀਆਂ ਚਾਹੀਦੀਆਂ।

## ਨਿਰੀਖਕ (Invigilators)

ਉਹ ਲੋਕ ਜੋ ਪਰੀਖਿਆਵਾਂ ਦੀ ਨਿਗਰਾਨੀ ਕਰਦੇ ਹਨ, 'ਨਿਰੀਖਕ' ਕਹਾਉਂਦੇ ਹਨ। ਉਹਨਾਂ ਦਾ ਕੰਮ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਤੁਹਾਡੀਆਂ ਪਰੀਖਿਆਵਾਂ ਨਿਯਮਾਂ ਦੇ ਮੁਤਾਬਕ ਹੁੰਦੀਆਂ ਹੋਣ ਅਤੇ ਨਿਯਮਾਂ ਨੂੰ ਨਿਰਪੱਖਤਾ ਨਾਲ ਲਾਗੂ ਕੀਤਾ ਜਾਂਦਾ ਹੈ। ਤੁਹਾਡੇ ਲਈ ਨਿਰੀਖਕ ਵੱਲੋਂ ਦਿੱਤੀਆਂ ਗਈਆਂ ਕਿਸੇ ਵੀ ਹਿਦਾਇਤਾਂ ਨੂੰ ਸੁਣਨਾ ਅਤੇ ਉਹਨਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ।

ਜੇਕਰ ਪਰੀਖਿਆ ਦੇ ਦੌਰਾਨ, ਤੁਹਾਡੇ ਨਾਲ ਕੁਝ ਵੀ ਅਕਲਪਿਤ ਵਾਪਰਦਾ ਹੈ, ਜਿਵੇਂ ਕਿ ਬਿਮਾਰ ਮਹਿਸੂਸ ਕਰਨਾ, ਤੁਹਾਨੂੰ ਤੁਰੰਤ ਨਿਰੀਖਕ ਨੂੰ ਦੱਸਣਾ ਚਾਹੀਦਾ ਹੈ।

## ਨਿਰਪੱਖਤਾ

ਹਰ ਕਿਸੇ ਕੋਲ ਪਰੀਖਿਆ ਦੇ ਦੌਰਾਨ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਦਾ ਇੱਕ ਉਚਿਤ ਮੌਕਾ ਹੋਣਾ ਚਾਹੀਦਾ ਹੈ। ਪਰੀਖਿਆ ਦੇ ਦੌਰਾਨ ਨਕਲ ਕਰਨਾ ਅਤੇ ਵਿਘਨ ਦਾ ਕਾਰਨ ਬਣਨਾ ਦੂਜੇ ਉਮੀਦਵਾਰਾਂ ਲਈ ਉਚਿਤ ਨਹੀਂ ਹੁੰਦਾ। ਨਕਲ ਕਰਨ ਅਤੇ ਅਣਉਚਿਤ ਵਿਵਹਾਰ (ਪਰੀਖਿਆਰਥੀ ਦੁਰਾਚਾਰ) ਦੀਆਂ ਉਦਾਹਰਨਾਂ ਵਿੱਚ ਇਹ ਸ਼ਾਮਲ ਹਨ।

- ਪਰੀਖਿਆ ਕਮਰੇ ਵਿੱਚ ਆਪਣੀ ਸੀਟ 'ਤੇ ਤੁਹਾਡੇ ਕੋਲ ਵਰਜਿਤ ਵਸਤਾਂ ਦਾ ਹੋਣਾ।
- ਆਪਣੇ ਆਪ ਨੂੰ ਕੋਈ ਹੋਰ ਹੋਣ ਦਾ ਵਿਖਾਵਾ ਕਰਨਾ ਜਾਂ ਕਿਸੇ ਹੋਰ ਨੂੰ ਆਪਣੀ ਥਾਂ ਤੇ ਪਰੀਖਿਆ ਵਿੱਚ ਬੈਠਣ ਲਈ ਲਿਆਉਣਾ।
- ਪਰੀਖਿਆ ਕਮਰੇ ਵਿੱਚ ਵਿਘਨਕਾਰੀ ਵਤੀਰਾ।
- ਆਪਣੀ ਉੱਤਰ ਪੁਸਤਿਕਾਵਾਂ ਵਿੱਚ ਅੱਖੜ, ਬਦਜ਼ੁਬਾਨ, ਅਪਮਾਨਜਨਕ ਜਾਂ ਪੱਖਪਾਤੀ ਭਾਸ਼ਾ ਜਾਂ ਚਿੱਤਰਾਂ ਦੀ ਵਰਤੋਂ ਕਰਨਾ।
- ਕਿਸੇ ਹੋਰ ਪਰੀਖਿਆਰਥੀ ਤੋਂ ਨਕਲ ਕਰਨਾ।
- ਮਿਲੀ-ਭਗਤ – ਵਿਅਕਤੀਗਤ ਕੰਮ ਵਿੱਚ ਹੋਰਾਂ ਪਰੀਖਿਆਰਥੀਆਂ ਨਾਲ ਕੰਮ ਕਰਨਾ ਜੋ ਕਿ ਲਾਜ਼ਮੀ ਤੌਰ 'ਤੇ ਤੁਹਾਡਾ ਆਪਣਾ ਕੰਮ ਹੋਣਾ ਚਾਹੀਦਾ ਸੀ।
- ਸਾਹਿਤਕ-ਚੋਰੀ – ਉਚਿਤ ਢੰਗ ਨਾਲ ਸ੍ਰੋਤਾਂ ਨੂੰ ਸਵੀਕਾਰ ਕਰਨ ਵਿੱਚ ਅਸਫਲ ਹੋਣਾ ਅਤੇ/ਜਾਂ ਕਿਸੇ ਹੋਰ ਦੇ ਕੰਮ ਨੂੰ ਇੰਝ ਪੇਸ਼ ਕਰਨਾ ਜਿਵੇਂ ਕਿ ਉਹ ਤੁਹਾਡਾ ਆਪਣਾ ਹੀ ਕੰਮ ਹੋਵੇ।

ਨਕਲ ਕਰਨ ਜਾਂ ਅਨੁਚਿਤ ਵਿਵਹਾਰ ਦੇ ਤੁਹਾਡੇ ਨਤੀਜੇ ਅਤੇ ਤੁਹਾਡੇ ਭਵਿੱਖ ਦੇ ਉੱਤੇ ਗੰਭੀਰ ਪਰਿਣਾਮ ਹੋ ਸਕਦੇ ਹਨ। ਇਸ ਵਿੱਚ ਸ਼ਾਮਲ ਹਨ - ਨੰਬਰ ਗਵਾ ਦੇਣਾ, ਘੱਟ ਗ੍ਰੇਡ ਪ੍ਰਾਪਤ ਕਰਨਾ ਜਾਂ ਤੁਹਾਡੀ ਯੋਗਤਾ ਦਾ ਰੱਦ ਹੋਣਾ। ਤੁਹਾਡਾ ਸਕੂਲ ਜਾਂ ਕਾਲਜ ਇਸ ਬਾਰੇ ਵਧੇਰੇ ਸਮਝਾ ਸਕਦੇ ਹਨ।

## ਪ੍ਰਸ਼ਨ ਪੱਤਰ ਅਤੇ ਉੱਤਰ ਪੁਸਤਿਕਾਵਾਂ

ਆਪਣੇ ਪ੍ਰਸ਼ਨ ਪੱਤਰ ਦੇ ਮੂਹਰੇ ਦਿੱਤੀਆਂ ਗਈਆਂ ਹਿਦਾਇਤਾਂ ਨੂੰ ਪੜ੍ਹਨਾ ਅਤੇ ਵਿਸ਼ੇ ਤੇ ਪੱਧਰ ਦੇ ਸਹੀ ਹੋਣ ਬਾਰੇ ਜਾਂਚ ਕਰਨਾ ਮਹੱਤਵਪੂਰਨ ਹੁੰਦਾ ਹੈ।

ਕੁਝ ਪਰੀਖਿਆਵਾਂ ਵਿੱਚ, ਤੁਹਾਨੂੰ ਇੱਕ ਵੱਖਰਾ ਪ੍ਰਸ਼ਨ ਪੱਤਰ ਅਤੇ ਉੱਤਰ ਪੁਸਤਿਕਾ ਮਿਲੇਗੀ। ਤੁਹਾਨੂੰ ਆਪਣੇ ਪ੍ਰਸ਼ਨ ਪੱਤਰ ਜਾਂ ਉੱਤਰ ਪੁਸਤਿਕਾ ਦੇ ਮੂਹਰੇ ਆਪਣੇ ਵੇਰਵਿਆਂ ਨੂੰ ਲਾਜ਼ਮੀ ਤੌਰ 'ਤੇ ਸਾਫ ਢੰਗ ਨਾਲ ਭਰਨਾ ਚਾਹੀਦਾ ਹੈ। ਜੇਕਰ ਤੁਸੀਂ ਵਾਧੂ ਕਾਗਜ਼ ਦੀ ਵਰਤੋਂ ਕਰਦੇ ਹੋ ਤਾਂ ਲਾਜ਼ਮੀ ਤੌਰ 'ਤੇ ਹਰੇਕ ਪੰਨੇ ਉੱਤੇ ਆਪਣਾ ਨਾਮ, Scottish Candidate Number (SCN) ਅਤੇ ਸਕੂਲ ਜਾਂ ਕਾਲਜ ਦਾ ਨਾਮ ਲਿਖੋ ਅਤੇ ਇਹਨਾਂ ਪੰਨਿਆਂ ਨੂੰ ਆਪਣੀ ਉੱਤਰ ਪੁਸਤਿਕਾ ਦੇ ਅੰਦਰ ਪਾਓ।

ਜੇਕਰ ਤੁਹਾਨੂੰ ਵਾਧੂ ਕਾਗਜ਼ ਦੀ ਲੋੜ ਹੋਵੇ, ਤਾਂ ਆਪਣਾ ਹੱਥ ਖੜ੍ਹਾ ਕਰਕੇ ਨਿਰੀਖਕ ਨੂੰ ਆਖੋ। ਕੁਝ ਵਿਸ਼ਿਆਂ 'ਚ, ਉੱਤਰ ਪੁਸਤਿਕਾ ਦੇ ਅੰਤ ਵਿੱਚ ਤੁਹਾਨੂੰ ਵਾਧੂ ਪੰਨੇ ਜਾਂ ਗ੍ਰਾਫ਼ ਪੇਪਰ ਮਿਲਣਗੇ।

ਆਪਣੇ ਪੂਰੇ ਪ੍ਰਸ਼ਨ ਪੱਤਰ ਤੇ ਕੰਮ ਕਰੋ ਜਦੋਂ ਤੱਕ ਤੁਸੀਂ ਪ੍ਰਸ਼ਨ ਪੱਤਰ ਦੀ ਸਮਾਪਤੀ (END OF QUESTION PAPER) ਕਥਨ ਨਹੀਂ ਦੇਖਦੇ। ਇਸ ਤੋਂ ਬਾਅਦ ਤੁਹਾਡੇ ਲਈ ਉੱਤਰ ਦੇਣ ਲਈ ਹੋਰ ਕੁੱਝ ਨਹੀਂ ਹੋਵੇਗਾ।

ਇੱਕ ਪ੍ਰਸ਼ਨ ਪੱਤਰ ਵਿੱਚ, ਜਿੰਨ੍ਹਾਂ ਪੰਨਿਆਂ ਉੱਤੇ ਕੋਈ ਪ੍ਰਸ਼ਨ ਜਾਂ ਹਿਦਾਇਤਾਂ ਨਹੀਂ ਲਿਖੀਆਂ ਹੋਣਗੀਆਂ, ਉਹਨਾਂ ਪੰਨਿਆਂ ਉੱਪਰ ਖਾਲੀ ਪੰਨਾ (BLANK PAGE) ਲਿਖਿਆ ਹੋਵੇਗਾ। ਕੋਈ ਵੀ ਪੰਨਾ ਪੂਰੀ ਤਰ੍ਹਾਂ ਖਾਲੀ ਨਹੀਂ ਹੋਣਾ ਚਾਹੀਦਾ। ਜੇਕਰ ਤੁਸੀਂ ਇਸ ਪ੍ਰਸ਼ਨ ਪੱਤਰ ਦੀ ਸਮਾਪਤੀ (END OF QUESTION PAPER) ਕਥਨ ਤੋਂ ਪਹਿਲਾਂ ਕੋਈ ਵੀ ਖ਼ਾਲੀ ਪੰਨਾ ਦੇਖਦੇ ਹੋ, ਤਾਂ ਇਸ ਬਾਰੇ ਨਿਰੀਖਕ ਨੂੰ ਦੱਸੋ।

## ਆਪਣੇ ਉੱਤਰ ਲਿਖਣਾ

ਤੁਹਾਨੂੰ ਲਾਜ਼ਮੀ ਤੌਰ ’ਤੇ ਕਾਲੀ ਜਾਂ ਨੀਲੀ ਸਿਆਹੀ ਵਾਲਾ ਪੈੱਨ ਵਰਤਣਾ ਚਾਹੀਦਾ ਹੈ। ਜੈੱਲ ਪੈੱਨਾਂ ਦੀ ਵਰਤੋਂ ਨਾ ਕਰੋ ਕਿਉਂਕਿ ਇਹ ਫਿੱਕੇ ਪੈ ਸਕਦੇ ਹਨ।

ਇਹ ਅਹਿਮ ਹੈ ਕਿ ਤੁਸੀਂ ਪੜ੍ਹੀ ਜਾ ਸਕਣ ਵਾਲੀ ਲਿਖਾਈ ਵਿੱਚ ਲਿਖੋ। ਮਾਰਕਰ (ਪਰੀਖਿਆ ਚੈੱਕ ਕਰਨ ਵਾਲੇ) ਤੁਹਾਡਾ ਕੰਮ ਪੜ੍ਹਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨਗੇ, ਪਰ ਜੇਕਰ ਤੁਹਾਡੀ ਲਿਖਾਈ ਪੜ੍ਹਨੀ ਔਖੀ ਹੈ, ਤਾਂ ਹੋ ਸਕਦਾ ਹੈ ਕਿ ਉਹ ਤੁਹਾਨੂੰ ਅੰਕ ਨਾ ਦੇ ਸਕਣ। ਬਿਨਾਂ ਲਾਈਨਾਂ ਵਾਲੇ ਪੰਨਿਆਂ ਤੇ ਲਿਖਦੇ ਹੋਏ, ਲਾਈਨਾਂ ਵਿੱਚਕਾਰ ਲਗਭਗ 1 cm (ਸੈਂਟੀਮੀਟਰ) ਦੀ ਜਗ੍ਹਾ ਛੱਡਣ ਦੀ ਕੋਸ਼ਿਸ਼ ਕਰੋ।

ਕੁਝ ਵਿਸ਼ਿਆਂ ਵਿੱਚ, ਗ਼ਲਤ ਸ਼ਬਦ-ਜੋੜਾਂ ਅਤੇ ਵਿਸ਼ਰਾਮ ਚਿਨ੍ਹਾਂ ਦੇ ਨਤੀਜੇ ਵੱਜੋਂ ਵੀ ਅੰਕ ਨਹੀਂ ਦਿੱਤੇ ਜਾ ਸਕਦੇ। ਜੇਕਰ ਇਸ ਬਾਰੇ ਜਾਂ ਆਪਣੀ ਲਿਖਾਈ ਬਾਰੇ ਤੁਹਾਡੀਆਂ ਕੋਈ ਚਿੰਤਾਵਾਂ ਹਨ, ਤਾਂ ਆਪਣੇ ਅਧਿਆਪਕ ਜਾਂ ਲੈਕਚਰਾਰ ਨਾਲ ਗੱਲ ਕਰੋ।

ਜੇਕਰ ਤੁਸੀਂ ਕਿਸੇ ਪ੍ਰਸ਼ਨ ਲਈ ਇੱਕ ਤੋਂ ਵੱਧ ਵਾਰੀ ਕੋਸ਼ਿਸ਼ ਕਰਦੇ ਹੋ, ਤਾਂ ਕਿਸੇ ਵੀ ਕੱਚੇ ਕੰਮ ਜਾਂ ਕਿਸੇ ਵੀ ਅਣਚਾਹੇ ਉੱਤਰਾਂ ਉੱਪਰ ਕਾਟਾ ਮਾਰਨਾ ਯਾਦ ਰੱਖੋ।

## ਪਰੀਖਿਆ ਕਮਰੇ ਤੋਂ ਬਾਹਰ ਨਿਕਲਨਾ

ਜੇਕਰ ਤੁਸੀਂ ਜਲਦੀ ਖ਼ਤਮ ਕਰ ਲੈਂਦੇ ਹੋ ਜਾਂ ਜਿੰਨਾਂ ਪੇਪਰ ਤੁਸੀਂ ਕਰ ਸਕਦੇ ਹੋ, ਓਨਾ ਕਰ ਲਿਆ ਹੈ, ਤਾਂ ਤੁਸੀਂ ਆਪਣਾ ਹੱਥ ਖੜ੍ਹਾ ਕਰ ਸਕਦੇ ਹੋ ਅਤੇ ਨਿਰੀਖਕ ਨੂੰ ਉੱਥੋਂ ਜਾਣ ਦੀ ਇਜਾਜ਼ਤ ਲਈ ਆਖ ਸਕਦੇ ਹੋ। ਜੇਕਰ ਪਰੀਖਿਆ ਇੱਕ ਘੰਟੇ ਤੋਂ ਵੱਧ ਸਮੇਂ ਦੀ ਹੈ, ਤਾਂ ਨਿਰੀਖਕ ਤੁਹਾਨੂੰ 30 ਮਿੰਟਾਂ ਬਾਅਦ ਜਾਣ ਦੀ ਆਗਿਆ ਦੇ ਸਕਦੇ ਹਨ। ਜੇਕਰ ਪਰੀਖਿਆ ਇੱਕ ਘੰਟੇ ਤੋਂ ਘੱਟ ਸਮੇਂ ਦੀ ਹੈ, ਤਾਂ ਤੁਹਾਨੂੰ ਪਰੀਖਿਆ ਦੇ ਖਤਮ ਹੋਣ ਤੱਕ ਪਰੀਖਿਆ ਕਮਰੇ ਵਿੱਚ ਰਹਿਣਾ ਪਵੇਗਾ।

ਤੁਹਾਡੇ ਲਈ ਜਾਣ ਤੋਂ ਪਹਿਲਾਂ ਆਪਣੀ ਉੱਤਰ ਪੁਸਤਿਕਾ, ਪ੍ਰਸ਼ਨ ਪੱਤਰ ਅਤੇ ਕੋਈ ਵੀ ਡੇਟਾ ਪੁਸਤਿਕਾਵਾਂ ਨਿਰੀਖਕ ਨੂੰ ਦੇਣੀਆਂ ਲਾਜ਼ਮੀ ਹਨ। ਜੇਕਰ ਤੁਸੀਂ ਪਰੀਖਿਆ ਕਮਰੇ ਤੋਂ ਬਾਹਰ ਜਾਣ ਤੋਂ ਪਹਿਲਾਂ ਨਿਰੀਖਕ ਨੂੰ ਉੱਤਰ ਪੁਸਤਿਕਾਵਾਂ ਨਹੀਂ ਦਿੰਦੇ, ਤਾਂ ਤੁਸੀਂ ਸਬੰਧਤ ਪੇਪਰ ਲਈ ਸਾਰੇ ਅੰਕ ਗੁਆ ਸਕਦੇ ਹੋ।

# ਤੁਹਾਡੇ ਨਤੀਜੇ

## ਆਪਣੇ ਨਤੀਜੇ ਪ੍ਰਾਪਤ ਕਰਨਾ

ਤੁਸੀਂ ਆਪਣਾ ਪ੍ਰਮਾਣ-ਪੱਤਰ ਮੰਗਲਵਾਰ 6 ਅਗਸਤ ਨੂੰ ਪ੍ਰਾਪਤ ਕਰੋਗੇ।

ਤੁਹਾਡਾ ਸਕੂਲ ਜਾਂ ਕਾਲਜ ਵੀ ਤੁਹਾਡੇ ਨਤੀਜੇ ਪ੍ਰਾਪਤ ਕਰੇਗਾ। ਜੇਕਰ ਤੁਸੀਂ ਕਿਸੇ ਯੂਨੀਵਰਸਿਟੀ ਜਾਂ ਕਾਲਜ ਲਈ ਅਰਜ਼ੀ ਦਿੱਤੀ ਹੈ, ਜੋ ਕਿ Universities and Colleges Admission Service (UCAS) ਨਾਲ ਜੁੜੀ ਹੋਈ ਹੈ, ਤਾਂ ਉਹ ਵੀ ਤੁਹਾਡੇ ਨਤੀਜੇ ਪ੍ਰਾਪਤ ਕਰਨਗੇ।

ਜੇਕਰ ਤੁਹਾਨੂੰ ਮੰਗਲਵਾਰ 6 ਅਗਸਤ ਨੂੰ ਆਪਣਾ ਪ੍ਰਮਾਣ-ਪੱਤਰ ਨਹੀਂ ਮਿਲਦਾ, ਤਾਂ ਤੁਰੰਤ ਆਪਣੇ ਸਕੂਲ ਜਾਂ ਕਾਲਜ ਨਾਲ ਸੰਪਰਕ ਕਰੋ। ਉਹ ਤੁਹਾਨੂੰ ਤੁਹਾਡੇ ਨਤੀਜੇ ਦੱਸ ਸਕਣਗੇ ਅਤੇ ਇਹ ਪਤਾ ਲਗਾਉਣ ਲਈ ਕਿ ਤੁਹਾਡੇ ਪ੍ਰਮਾਣ-ਪੱਤਰ ਦਾ ਕੀ ਬਣਿਆ ਹੈ, ਸਾਡੇ ਨਾਲ ਕੰਮ ਕਰਣਗੇ।

### MySQA

MySQA ਤੁਹਾਨੂੰ ਤੁਹਾਡੇ ਨਤੀਜਿਆਂ ਵਾਸਤੇ ਸੁਰੱਖਿਅਤ ਆਨਲਾਈਨ ਪਹੁੰਚ ਦਿੰਦਾ ਹੈ। ਤੁਸੀਂ ਮੰਗਲਵਾਰ 6 ਅਗਸਤ ਨੂੰ ਸਵੇਰੇ 8 ਵਜੇ ਤੋਂ, ਆਪਣੇ ਨਤੀਜਿਆਂ ਨੂੰ ਟੈਕਸਟ ਮੈਸੇਜ ਜਾਂ ਈਮੇਲ ਦੁਆਰਾ ਪ੍ਰਾਪਤ ਕਰਨ ਲਈ ਵੀ ਸਾਈਨ ਅੱਪ ਕਰ ਸਕਦੇ ਹੋ। ਤੁਹਾਨੂੰ ਅਜੇ ਵੀ ਆਪਣਾ ਸਰਟੀਫਿਕੇਟ ਪੋਸਟ ਦੁਆਰਾ ਪ੍ਰਾਪਤ ਹੋਵੇਗਾ।

ਆਪਣੇ ਨਤੀਜਿਆਂ ਨੂੰ ਟੈਕਸਟ ਮੈਸੇਜ ਜਾਂ ਈਮੇਲ ਰਾਹੀਂ ਪ੍ਰਾਪਤ ਕਰਨ ਲਈ, ਤੁਹਾਨੂੰ 16 ਜੁਲਾਈ ਨੂੰ ਸ਼ਾਮ 5 ਵਜੇ ਤੱਕ **www.mysqa.org.uk** ‘ਤੇ ਸਾਈਨ ਅੱਪ ਕਰਨ ਦੀ, ਅਤੇ 17 ਜੁਲਾਈ ਨੂੰ ਸ਼ਾਮ 5 ਵਜੇ ਤੱਕ ਆਪਣਾ ਅਕਾਊਂਟ ਐਕਟੀਵੇਟ (ਚਾਲੂ) ਕਰਨ ਦੀ ਲੋੜ ਹੋਵੇਗੀ।

ਯਾਦ ਰੱਖੋ, ਜੇ ਤੁਸੀਂ MySQA ਲਈ ਸਾਈਨ ਅੱਪ ਕਰਨ ਤੋਂ ਬਾਅਦ, ਆਪਣਾ ਮੋਬਾਈਲ ਨੰਬਰ ਜਾਂ ਈਮੇਲ ਪਤਾ ਬਦਲਦੇ ਹੋ, ਤਾਂ ਤੁਹਾਨੂੰ ਆਪਣਾ ਟੈਕਸਟ ਮੈਸੇਜ ਜਾਂ ਈ ਮੇਲ ਪ੍ਰਾਪਤ ਕਰਨ ਲਈ ਆਪਣੇ ਵੇਰਵਿਆਂ ਨੂੰ ਅਪਡੇਟ ਕਰਨ ਦੀ ਲੋੜ ਹੋਵੇਗੀ।

## ਸਹਾਇਤਾ

ਤੁਹਾਡੇ ਪ੍ਰਮਾਣ-ਪੱਤਰ ਨੂੰ ਸਮਝਣ ਵਿੱਚ ਮਦਦ ਕਰਨ ਲਈ ਉਪਯੋਗੀ ਵੀਡੀਓ ਉਪਲਬਧ ਹਨ। ਤੁਸੀਂ ਇਹਨਾਂ ਨੂੰ **www.sqa.org.uk/certificate** 'ਤੇ ਦੇਖ ਸਕਦੇ ਹੋ। **www.sqa.org.uk/faqs** ਤੇ ਤੁਸੀਂ ਸਭ ਤੋਂ ਆਮ ਸਵਾਲਾਂ ਦੇ ਉੱਤਰ ਵੀ ਲੱਭ ਸਕਦੇ ਹੋ।

ਤੁਸੀਂ **www.sqa.org.uk/candidateenquiryform** ਤੇ ਇਕ ਔਨਲਾਈਨ ਪਰੀਖਿਆਰਥੀ ਪੁੱਛ-ਗਿੱਛ ਫਾਰਮ ਭਰ ਕੇ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

ਸਾਡੀ ਪਰੀਖਿਆਰਥੀ ਸਲਾਹ ਲਾਈਨ ਤੁਹਾਡੇ ਪ੍ਰਮਾਣ-ਪੱਤਰ ਬਾਰੇ ਸਵਾਲਾਂ ਦੇ ਉੱਤਰ ਦੇਣ ਲਈ ਮੰਗਲਵਾਰ 6 ਅਗਸਤ ਤੋਂ ਸ਼ੁੱਕਰਵਾਰ 9 ਅਗਸਤ ਤੱਕ ਮਦਦ ਕਰ ਸਕੇਗੀ। ਉਸਦਾ ਨੰਬਰ 0345 279 1000 ਹੈ।

### Results Services

ਸਾਡੀਆਂ Results Services ਤੁਹਾਡੀ ਸਹਾਇਤਾ ਲਈ ਉਪਲਬਧ ਹਨ:

- ਪਰੀਖਿਆ ਦੇ ਸਮੇਂ ਦੌਰਾਨ, ਜੇ ਕਿਸੇ ਪਰੀਖਿਆ 'ਚ ਤੁਹਾਡਾ ਪ੍ਰਦਰਸ਼ਨ ਪ੍ਰਭਾਵਿਤ ਹੋਇਆ ਹੈ ਜਾਂ ਕਿਸੇ ਅਪਵਾਦਕ ਹਾਲਾਤ, ਜਿਵੇਂ ਕਿ ਮੌਤ ਜਾਂ ਗੰਭੀਰ ਬਿਮਾਰੀ ਦੇ ਕਾਰਨ ਤੁਸੀਂ ਪਰੀਖਿਆ' ਲਈ ਨਹੀਂ ਪਹੁੰਚ ਸਕੇ
- ਨਤੀਜਿਆਂ ਦੇ ਦਿਨ ਤੋਂ ਬਾਅਦ, ਜੇ ਤੁਹਾਡੀਆਂ ਆਪਣੇ ਗ੍ਰੇਡ ਬਾਰੇ ਕੋਈ ਚਿੰਤਾਵਾਂ ਹਨ

ਜੇਕਰ ਤੁਹਾਨੂੰ ਆਪਣਾ ਪ੍ਰਮਾਣ-ਪੱਤਰ ਸਮਝ ਨਹੀਂ ਆਉਂਦਾ ਜਾਂ ਤੁਹਾਨੂੰ ਲੱਗਦਾ ਹੈ ਕਿ ਕੁਝ ਗ਼ਲਤ ਹੈ, ਤਾਂ ਆਪਣੇ ਸਕੂਲ ਜਾਂ ਆਪਣੇ ਕਾਲਜ ਦੇ ਪਰੀਖਿਆਰਥੀ ਰਿਕਾਰਡ - ਵਿਭਾਗ ਨਾਲ ਸੰਪਰਕ ਕਰੋ।

**ਜੇਕਰ ਮੇਰੇ ਪ੍ਰਮਾਣ-ਪੱਤਰ ਤੇ ਗ੍ਰੇਡ ਸਹੀ ਨਹੀਂ ਲੱਗਦੇ ਤਾਂ ਕੀ ਕੀਤਾ ਜਾਵੇ?**

ਤੁਹਾਨੂੰ ਤੁਰੰਤ ਆਪਣੇ ਸਕੂਲ ਜਾਂ ਕਾਲਜ ਨਾਲ ਆਪਣੀਆਂ ਚਿੰਤਾਵਾਂ ਬਾਰੇ ਚਰਚਾ ਕਰਨੀ ਚਾਹੀਦੀ ਹੈ। ਜੇ ਉਹ ਮੰਨਦੇ ਹਨ ਕਿ ਤੁਹਾਡੇ ਗ੍ਰੇਡ ਗਲਤ ਹੋ ਸਕਦੇ ਹਨ, ਤਾਂ ਉਹ ਤੁਹਾਡੇ ਕੰਮ ਦੀ ਸਮੀਖਿਆ ਕਰਨ ਲਈ ਸਾਨੂੰ ਕਹਿ ਸਕਦੇ ਹਨ। ਇਸ ਸਮੀਖਿਆ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ ਜੇ ਤੁਹਾਡੇ ਕੋਲ ਯੂਨੀਵਰਸਿਟੀ ਜਾਂ ਕਾਲਜ ਵਿੱਚ ਇਕ ਸ਼ਰਤੀਆ ਸੀਟ ਹੈ ਜੋ ਤੁਹਾਡੇ ਗ੍ਰੇਡ 'ਤੇ ਨਿਰਭਰ ਕਰਦੀ ਹੈ।

ਤੁਹਾਡਾ ਸਕੂਲ ਜਾਂ ਕਾਲਜ ਤੁਹਾਨੂੰ ਸਾਡੀ Results Services ਬਾਰੇ ਪੂਰੀ ਜਾਣਕਾਰੀ ਦੇ ਸਕਣਗੇ। ਤੁਸੀਂ **www.sqa.org.uk/resultsservices** ਤੇ ਵੀ ਹੋਰ ਜਾਣਕਾਰੀ ਲੈ ਸਕਦੇ ਹੋ।

## ਯਾਦ ਰੱਖੋ:

- ✓ ਠੀਕ ਸਮੇਂ 'ਤੇ ਪਹੁੰਚੋ - ਘੱਟੋ-ਘੱਟ ਪਰੀਖਿਆ ਸ਼ੁਰੂ ਹੋਣ ਤੋਂ ਲਗਭਗ 10 ਮਿੰਟ ਪਹਿਲਾਂ।
- ✓ ਠੀਕ ਉਪਕਰਣ ਲਓ – ਕਾਲੇ ਜਾਂ ਨੀਲੇ ਰੰਗ ਦੀ ਸਿਆਹੀ ਵਾਲਾ ਪੈੱਨ, ਆਦਿ।
- ✓ ਇਹ ਜਾਂਚ ਲਵੋ ਕਿ ਤੁਹਾਡੇ ਕੋਲ ਤੁਹਾਡੀ ਸੀਟ 'ਤੇ ਕੋਈ ਵੀ ਵਰਜਿਤ ਵਸਤੂ ਨਹੀਂ ਹੈ।
- ✓ ਇਹ ਜਾਂਚ ਲਵੋ ਕਿ ਤੁਹਾਨੂੰ ਠੀਕ ਪ੍ਰਸ਼ਨ ਪੱਤਰ ਦਿੱਤਾ ਗਿਆ ਹੈ।
- ✓ ਤੁਸੀਂ ਦਿੱਤੇ ਗਏ ਕੰਮ ਦੇ ਹਰੇਕ ਹਿੱਸੇ ਉੱਪਰ ਆਪਣਾ ਨਾਮ, SCN ਅਤੇ ਆਪਣੇ ਸਕੂਲ ਜਾਂ ਕਾਲਜ ਦਾ ਨਾਮ ਪਾਓ (ਵਾਧੂ ਉੱਤਰ ਪੁਸਤਕਾਵਾਂ ਅਤੇ ਉੱਤਰ ਸ਼ੀਟਾਂ ਸਮੇਤ)
- ✓ ਸਪਸ਼ਟ ਲਿਖੋ
- ✓ ਸਾਰੀਆਂ ਹਿਦਾਇਤਾਂ ਪੜ੍ਹੋ ਅਤੇ ਪਰੀਖਿਆ ਨਿਗਰਾਨ (Invigilator) ਦੁਆਰਾ ਕੀਤੀਆਂ ਗਈਆਂ ਕਿਸੇ ਵੀ ਘੋਸ਼ਣਾਵਾਂ ਨੂੰ ਧਿਆਨਪੂਰਵਕ ਸੁਣੋ
- ✓ ਕੋਈ ਵੀ ਕੱਚਾ ਕੰਮ ਜੋ ਕਿ ਤੁਹਾਡੇ ਉੱਤਰ ਦਾ ਹਿੱਸਾ ਨਹੀਂ ਹੈ ,ਦੇ ਉੱਪਰ ਕਾਟਾ ਮਾਰੋ
- ✓ ਪਰੀਖਿਆ ਖ਼ਤਮ ਹੋਣ ਤੱਕ ਕਮਰੇ ਵਿੱਚ ਰਹੋ। ਤੁਸੀਂ ਸਿਰਫ ਪਰੀਖਿਆ ਨਿਗਰਾਨ ਦੀ ਇਜਾਜ਼ਤ ਨਾਲ ਹੀ ਪਹਿਲਾਂ ਜਾ ਸਕਦੇ ਹੋ।

- × ਕਿਸੇ ਵੀ ਵਰਜਿਤ ਵਸਤਾਂ ਨੂੰ ਆਪਣੀ ਸੀਟ ਤੇ ਨਾ ਲੈ ਕੇ ਜਾਓ
- × ਵਿਘਨਕਾਰੀ ਤਰੀਕੇ ਨਾਲ ਵਿਹਵਾਰ ਨਾ ਕਰੋ ਜਾਂ ਪਰੀਖਿਆ ਕਮਰੇ ਵਿੱਚ ਖੱਪ ਨਾ ਪਾਓ
- × ਕਿਸੇ ਹੋਰ ਤੋਂ ਨਕਲ ਨਾ ਕਰੋ
- × ਕਿਸੇ ਹੋਰ ਨਾਲ ਆਪਣਾ ਕੰਮ ਸਾਂਝਾ ਨਾ ਕਰੋ
- × ਕਿਸੇ ਹੋਰ ਦੇ ਨਾਲ ਉਪਕਰਣ ਸਾਂਝਾ ਨਾ ਕਰੋ
- × ਆਪਣੇ ਉੱਤਰਾਂ ਵਿੱਚ ਅਖੱੜ, ਬਦਜ਼ੁਬਾਨ, ਅਪਮਾਨਜਨਕ ਜਾਂ ਪੱਖਪਾਤੀ ਭਾਸ਼ਾ ਜਾਂ ਤਸਵੀਰਾਂ ਦੀ ਵਰਤੋਂ ਨਾ ਕਰੋ।

ਗਾਹਕ ਸੰਪਰਕ ਕੇਂਦਰ (Customer Contact Centre)

ਫ਼ੋਨ: 0345 279 1000

ਵੈੱਬਸਾਈਟ: www.sqa.org.uk

BD7899 ਫਰਵਰੀ 2019